بِسۡمِ اللّٰہِ الرَّحۡمٰنِ الرَّحِیۡمِ    نَحۡمَدُہٗ وَنُصَلِّیۡ عَلٰی رَسُوۡلِہِ الۡکَرِیۡمِ    وَعَلٰی عَبۡدِہِ الۡمَسِیۡحِ الۡمَوۡعُوۡدِ

# ਖ਼ੁਲਾਸਾ ਖ਼ੁਤਬਾ ਜੁਮਆ 26.07.2019

**ਵੱਲੋਂ : ਨਜ਼ਾਰਤ ਨਸ਼ਰੋ ਇਸ਼ਾਅਤ ਕਾਦੀਆਂ**

## ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਦੇ ਮਹਾਨ ਮਰਤਬਾ ਰਖੱਣ ਵਾਲੇ ਬਦਰੀ ਸਾਹਾਬਾ ਕਰਾਮ ਰਿਜ਼ਵਾਨੁਲੱਾਹ ਅਲੈਹਿਮ ਅਜਮਾਈਨ ਦੇ ਸਦਗੁਣਾ ਦਾ ਇਮਾਨ ਵਧਾਉਣ ਵਾਲਾ ਪ੍ਰਭਾਵੀ ਤੇ ਮਨ ਨੂੰ ਮੋਹ ਲੈਂਣ ਵਾਲਾ ਜ਼ਿਕਰ

**ਸਯੱਦਨਾ ਹਜ਼ਰਤ ਅਮੀਰੁਲ ਮੋਮਿਨੀਨ ਖ਼ਲੀਫ਼ਾਤੁਲ ਮਸੀਹ ਖ਼ਾਮਿਸ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਦੇ ਜੁਮਏ ਦੇ ਖ਼ੁਤਬੇ ਦਾ ਸਾਰ ਜੋ ਆਪ ਜੀ ਨੇ 26 ਜੁਲਾਈ 2019 ਈ. ਨੂੰ ਮਸਜਿਦ ਬੈਤੁਲ ਫ਼ੁਤੂਹ, ਮੋਰਡਨ (ਬਰਤਾਨੀਆ) ਵਿੱਚ ਦਿੱਤਾ**

ਤਸ਼ੱਹੁਦ, ਤਊਜ਼ ਅਤੇ ਸੂਰਤ ਫ਼ਾਤਿਹਾ ਦੀ ਤਲਾਵਤ ਦੇ ਬਾਦ ਹਜ਼ੂਰ ਅਨਵਰ ਅਯੱਦਾਹੁਲੱਾਹ ਤਆਲਾ ਬਿ ਨਸਰਿਹਿਲ ਅਜ਼ੀਜ਼ ਨੇ ਫ਼ਰਮਾਇਆ :

ਅੱਜ ਵੀ ਬਦਰੀ ਸਹਾਬਾ ਦਾ ਵਰਨਣ ਕਰਾਂਗਾ। ਪਹਿਲੇ ਸਹਾਬੀ ਦਾ ਨਾਂ ਹਜ਼ਰਤ ਮਜ਼ਾਹਰ ਬਿਨ ਰਾਫ਼ਾ ਹੈ। ਹਜ਼ਰਤ ਮਜ਼ਾਹਰ ਦੇ ਪਿਤਾ ਦਾ ਨਾਂ ਰਫ਼ਾ ਬਿਨ ਅਦੀ ਸੀ । ਆਪ ਬਦਰ ਦੀ ਜੰਗ ਅਤੇ ਬਾਦ ਵਿੱਚ ਹੋਣ ਵਾਲੀਆਂ ਸਾਰੀਆਂ ਜੰਗਾ ਵਿੱਚ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨਾਲ ਸ਼ਾਮਲ ਹੋਏ ਸਨ । ਹਜ਼ਰਤ ਮਜ਼ਾਹਰ ਹਜ਼ਰਤ ਉਮਰ ਦੇ ਖਿਲਾਫ਼ਤ ਕਾਲ ਵਿੱਚ ਫ਼ੌਤ ਹੋਏ । ਹਜ਼ਰਤ ਮਜ਼ਾਹਰ ਦੀ ਸ਼ਹੀਦ ਹੋਣ ਦੀ ਘਟਨਾ ਇਉਂ ਵਰਨਣ ਕੀਤੀ ਜਾਂਦੀ ਹੈ ਕਿ ਯਹਯਾ ਬਿਨ ਸਹਲ ਬਿਨ ਅਬੂਹਸਮਤਹ ਬਿਆਨ ਕਰਦੇ ਹਨ ਕਿ ਹਜ਼ਰਤ ਮਜ਼ਾਹਰ ਬਿਨ ਰਾਫ਼ਾ ਹਾਰਸੀ ਮੇਰੇ ਪਿਤਾ ਕੋਲ ਸ਼ਾਮ ਦੇਸ਼ ਵਿੱਚ ਕੁਝ ਤਾਕਤਵਰ ਮਜ਼ਦੂਰ ਆਪਣੇ ਨਾਲ ਲੈਕੇ ਆਏ ਤਾਂ ਜੋ ਉਹ ਉਹਨਾ ਦੀਆਂ ਜ਼ਮੀਨਾਂ ਉਪੱਰ ਕੰਮ ਕਰ ਸਕਣ । ਜੱਦ ਇਹ ਖ਼ੈਬਰ ਪਹੁੰਚੇ ਤਾਂ ਯਹੂਦੀਆਂ ਨੇ ਇਹਨਾ ਮਜ਼ਦੂਰਾਂ ਨੂੰ ਹਜ਼ਰਤ ਮਜ਼ਾਹਰ ਦੇ ਕਤਲ ਲਈ ਭੜਕਾਉਂਣਾ ਸ਼ੁਰੂ ਕਰ ਦਿਤੱਾ ਅਤੇ ਦੋ ਜਾਂ ਤਿੰਨ ਛੁਰੀਆਂ ਗੁਪਤ ਰੂਪ ਵਿੱਚ ਉਹਨਾਂ ਨੂੰ ਦੇ ਦਿੱਤੀਆਂ । ਜੱਦ ਹਜ਼ਰਤ ਮਜ਼ਾਹਰ ਖ਼ੈਬਰ ਤੋਂ ਬਾਹਰ ਨਿਕਲੇ ਅਤੇ ਸਬਾਰ ਨਾਂ ਦੀ ਥਾਂ'ਤੇ ਪਹੁੰਚੇ ਤਾਂ ਇਹਨਾਂ ਲੋਕਾਂ ਨੇ ਹਜ਼ਰਤ ਮਜ਼ਾਹਰ ਉਪੱਰ ਹਮਲਾ ਕਰ ਦਿਤੱਾ ਅਤੇ ਢਿੱਡ ਪਾੜਕੇ ਉਹਨਾਂ ਨੂੰ ਸ਼ਹੀਦ ਕਰ ਦਿਤੱਾ । ਫਿਰ ਉਹ ਲੋਕ ਖ਼ੈਬਰ ਵਾਪਸ ਪਰਤ ਗਏ । ਜਿਸ'ਤੇ ਯਹੂਦੀਆਂ ਨੇ ਉਹਨਾਂ ਨੂੰ ਕੁਝ ਸਫ਼ਰ ਖ਼ਰਚ ਦੇਕੇ ਰਵਾਨਾ ਕਰ ਦਿਤੱਾ । ਇੱਥੋਂ ਤੱਕ ਕਿ ਉਹ ਸ਼ਾਮ ਦੇਸ਼ ਵਾਪਸ ਪਹੁੰਚ ਗਏ । ਜੱਦ ਹਜ਼ਰਤ ਉਮਰ ਬਿਨ ਖ਼ਤਾਬ ਨੂੰ ਇਹ ਖ਼ਬਰ ਮਿਲੀ ਤਾਂ ਫ਼ਰਮਾਇਆ ਕਿ ਮੈਂ ਖ਼ੈਬਰ ਵੱਲ ਨਿਕਲਣ ਵਾਲਾ ਹਾਂ ਅਤੇ ਉੱਥੇ ਪਿਆ ਮਾਲ ਵੰਡਣ ਵਾਲਾ ਹਾਂ ਅਤੇ ਉਸ ਦੀਆਂ ਸੀਮਾਵਾਂ ਨੂੰ ਪ੍ਰਤੱਖ ਕਰਨ ਵਾਲਾ ਹਾਂ ਅਤੇ ਜ਼ਮੀਨਾਂ ਵਿੱਚ ਆਢਾਂ ਲਾਉਣ ਵਾਲਾ ਹਾਂ ਅਰਥਾਤ ਇਸ ਦਾ ਬਦਲਾ

ਲਿਆ ਜਾਏਗਾ ਅਤੇ ਯਹੂਦੀਆਂ ਨੂੰ ਉੱਥੋ ਦੇਸ਼ ਨਿਕਾਲਾ ਦੇਣ ਵਾਲਾ ਹਾਂ ਕਿਉਂਕਿ ਰਸੂਲੁਲੱਾਹ ਸਲਲਾਹੁ ਅਲੈਹਿ ਵਸਲਮ ਨੇ ਇਹਨਾ ਬਾਰੇ ਫ਼ਰਮਾਇਆ ਸੀ ਕਿ ਮੈਂ ਤੁਹਾਨੂੰ ਉਸ ਸਮੇਂ ਤੱਕ ਟਿਕਾਣਾ ਨ ਦਿਆਂਗਾ ਜੱਦ ਤੱਕ ਰੱਬ ਨੇ ਤੁਹਾਨੂੰ ਟਿਕਾਣਾ ਨ ਦਿਤੱਾ ਅਤੇ ਰੱਬ ਨੇ ਉਹਨਾਂ ਨੂੰ ਦੇਸ਼ ਨਿਕਾਲਾ ਕਰਨ ਦੀ ਆਗਿਆ ਦੇ ਦਿੱਤੀ ਹੈ । ਸੋ, ਹਜ਼ਰਤ ਉਮਰ ਨੇ ਫਿਰ ਅਜਿਹਾ ਹੀ ਕੀਤਾ । ਹਜ਼ਰਤ ਮਜ਼ਾਹਰ ਦੀ ਸ਼ਹੀਦੀ ਦੀ ਘਟਨਾ 20 ਹਿਜਰੀ ਵਿੱਚ ਵਾਪਰੀ ਸੀ

ਅਗਲੇ ਸਹਾਬੀ ਜਿੰਨ੍ਹਾ ਦਾ ਵਰਨਣ ਹੈ ਉਹਨਾ ਦਾ ਨਾਂ ਹਜ਼ਰਤ ਮਾਲਕ ਬਿਨ ਕਦਾਮਾ ਹੈ । ਆਪ ਦੇ ਪਿਤਾ ਦਾ ਨਾਂ ਕਦਾਮਾ ਬਿਨ ਅਰਫ਼ਜਹ ਸੀ । ਆਪ ਦਾ ਸੰਬੰਧ ਅੰਸਾਰ ਦੇ ਕਬੀਲਾ ਓਸ ਦੇ ਪਰਿਵਾਰ ਬਨੂ ਗ਼ਨਮ ਨਾਲ ਸੀ। ਹਜ਼ਰਤ ਮਾਲਕ ਆਪਣੇ ਇਕ ਭਰਾ ਹਜ਼ਰਤ ਮੁੰਜ਼ਰ ਬਿਨ ਕਦਾਮਾ ਨਾਲ ਬਦਰ ਦੀ ਜੰਗ ਵਿੱਚ ਸ਼ਾਮਲ ਹੋਏ ਸਨ ।

ਅਗਲੇ ਸਹਾਬੀ ਦਾ ਨਾਂ ਹਜ਼ਰਤ ਖ਼ਰੀਮ ਬਿਨ ਫ਼ਾਤਕ ਹੈ । ਆਪ ਦਾ ਸੰਬੰਧ ਬਨੂ ਅਸਦ ਨਾਲ ਸੀ । ਹਜ਼ਰਤ ਖ਼ਰੀਮ ਬਿਨ ਫ਼ਾਤਕ ਆਪਣੇ ਭਰਾ ਹਜ਼ਰਤ ਸਬਰਤ ਬਿਨ ਫ਼ਾਤਕ ਨਾਲ ਬਦਰ ਦੀ ਜੰਗ ਵਿੱਚ ਸ਼ਾਮਲ ਹੋਏ ਸਨ ਅਤੇ ਇਹ ਦੋਵੇਂ ਇਸੇ ਥਾਂ ਹਜ਼ਰਤ ਅਮੀਰ ਮੁਆਵੀਆਹ ਦੇ ਰਾਜਕਾਲ ਵਿੱਚ ਫ਼ੌਤ ਹੋਏ ।

ਅਗਲੇ ਸਹਾਬੀ ਦਾ ਨਾਂ ਹਜ਼ਰਤ ਮੁਅਮੱਰ ਬਿਨ ਹਾਰਸ ਹੈ । ਆਪ ਦਾ ਸੰਬੰਧ ਕਬੀਲਾ ਕੁਰੈਸ਼ ਦੇ ਪਰਿਵਾਰ ਬਨੂ ਜੁਮਆ ਨਾਲ ਸੀ । ਇਹਨਾਂ ਦੇ ਪਿਤਾ ਦਾ ਨਾਂ ਹਾਰਸ ਬਿਨ ਮੁਅਮੱਰ ਸੀ ਅਤੇ ਮਾਤਾ ਦਾ ਨਾ ਕਤੀਲਾਹ ਬਿੰਤ ਮਜ਼ਊਨ ਸੀ, ਜੋ ਹਜ਼ਰਤ ਉਸਮਾਨ ਬਿਨ ਮਜ਼ਊਨ ਦੀ ਭੈਣ ਸਨ । ਹਜ਼ਰਤ ਮੁਅਮੱਰ ਦੇ ਦੋ ਭਰਾ ਸਨ ਜਿੰਨ੍ਹਾ ਦਾ ਨਾਂ ਹਾਤਬ ਤੇ ਹਤਾਬ ਸੀ । ਇਹ ਤਿੰਨੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਦਾਰਿ ਅਰਕਮ ਵਿੱਚ ਦਾਖ਼ਲ ਹੋਣ ਤੋਂ ਪਹਿਲਾਂ ਇਸਲਾਮ ਕੁਬੂਲ ਕਰ ਚੁਕੇ ਸਨ । ਹਜ਼ਰਤ ਮੁਅਮੱਰ ਦੀ ਗਿਣਤੀ 'ਅਸੱਾਬਿਕੂਨਲ ਅਵੱਾਲੂਨ' ਵਿੱਚ ਹੁੰਦੀ ਹੈ । ਹਜ਼ਰਤ ਆਇਸ਼ਾ ਬਿੰਤ ਕਦਾਮਾ ਤੋਂ ਰਿਵਾਇਤ ਹੈ ਕਿ ਬਨੂ ਮਜ਼ਊਨ ਵਿੱਚੋਂ ਹਜ਼ਰਤ ਉਸਮਾਨ ਹਜ਼ਰਤ ਕਦਾਮਾ ਹਜ਼ਰਤ ਅਬਦੁਲੱਾਹ ਅਤੇ ਹਜ਼ਰਤ ਸਾਇਬ ਬਿਨ ਉਸਮਾਨ ਬਿਨ ਮਜ਼ਊਨ ਅਤੇ ਹਜ਼ਰਤ ਮੁਅਮੱਰ ਬਿਨ ਹਾਰਸ ਮੱਕੇ ਤੋਂ ਹਿਜਰਤ ਕਰਕੇ ਮਦੀਨੇ ਆਏ ਤਾਂ ਹਜ਼ਰਤ ਅਬਦੁਲੱਾਹ ਬਿਨ ਸਲਮਾ ਅਜਲਾਨੀ ਦੇ ਘਰ ਠਹਿਰੇ ਸਨ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਨੇ ਹਜ਼ਰਤ ਮੁਅਮੱਰ ਦੀ ਭਾਈਬੰਦੀ ਹਜ਼ਰਤ ਮਆਜ਼ ਬਿਨ ਅਫ਼ਰਾ ਨਾਲ ਕਰਾਈ ਸੀ । ਹਜ਼ਰਤ ਮੁਅਮੱਰ ਬਿਨ ਹਾਰਸ ਬਦਰ, ਉਹਦ ਤੇ ਖ਼ੰਦਕ ਸਣੇ ਸਾਰੀਆਂ ਜੰਗਾ ਵਿੱਚ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨਾਲ ਸ਼ਾਮਲ ਹੋਏ ਸਨ । ਆਪ ਦੀ ਵਫ਼ਾਤ ਹਜ਼ਰਤ ਉਮਰ ਦੇ ਖ਼ਿਲਾਫ਼ਤ ਕਾਲ ਵਿੱਚ 23 ਹਿਜਰੀ ਵਿੱਚ ਹੋਈ ਸੀ ।

ਫਿਰ ਜਿੰਨ੍ਹਾ ਸਹਾਬੀ ਦਾ ਵਰਨਣ ਹੈ ਉਹਨਾ ਦਾ ਨਾਂ ਜ਼ਹੀਰ ਬਿਨ ਰਾਫ਼ਾ ਹੈ । ਹਜ਼ਰਤ ਜ਼ਹੀਰ ਅੰਸਾਰ ਦੇ ਕਬੀਲਾ ਓਸ ਦੇ ਪਰਿਵਾਰ ਬਨੂ ਹਾਰਸਾ ਬਿਨ ਹਾਰਸ ਨਾਲ ਸੰਬੰਧ ਰਖੱਦੇ ਸਨ । ਆਪ ਦੇ ਪੁਤੱਰ ਦਾ ਨਾਂ ਉਸੈਦ ਸੀ ਜੋ ਸਹਾਬੀ ਸਨ । ਹਜ਼ਰਤ ਜ਼ਹੀਰ ਰਾਫ਼ ਬਿਨ ਖ਼ਦੀਜ ਦੇ ਚਾਚਾ ਸਨ । ਆਪਦੀ ਪਤਨੀ ਦਾ ਨਾਂ ਫ਼ਾਤਮਾ ਬਿੰਤ ਬਸ਼ਰ ਸੀ ਜੋ ਬਨੂ ਅਦੀ ਬਿਨ ਗ਼ਨਮ ਵਿੱਚੋਂ ਸੀ । ਹਜ਼ਰਤ ਮਜ਼ਾਹਰ ਬਿਨ ਰਾਫ਼ਾ ਹਜ਼ਰਤ ਜ਼ਹੀਰ ਦੇ ਸਕੇ ਭਰਾ ਸਨ ਦੋਹਾਂ ਭਰਾਵਾਂ ਨੂੰ ਬਦਰ ਦੀ ਜੰਗ ਵਿੱਚ ਭਾਗ ਲੈਂਣ ਦਾ ਸੁਭਾਗ ਪ੍ਰਾਪਤ ਹੋਇਆ । ਹਜ਼ਰਤ ਜ਼ਹੀਰ ਬੈਅਤੇ ਉਕਬਾ ਸਾਨੀਆ, ਬਦਰ ਤੇ ਉਹਦ ਦੀ ਜੰਗ ਅਤੇ ਬਾਦ ਵਿੱਚ ਹੋਣ ਵਾਲੀਆਂ ਸਾਰੀਆਂ ਜੰਗਾ ਵਿੱਚ ਆਂਹਜ਼ਰਤ ਸਲਲੱਾਹੁ ਆਲੈਹਿ ਵਸਲੱਮ ਦੇ ਨਾਲ ਸ਼ਾਮਲ ਹੋਏ ਸਨ ।

ਫਿਰ ਜਿੰਨ੍ਹਾ ਸਹਾਬੀ ਦਾ ਵਰਨਣ ਹੈ ਉਹਨਾਂ ਦਾ ਨਾਂ ਹਜ਼ਰਤ ਉਮੱਰੋ ਬਿਨ ਅਯਾਸ ਹੈ । ਹਜ਼ਰਤ ਉਮੱਰੋ ਬਿਨ ਅਯਾਸ ਯਮਨ ਨਾਲ ਸੰਬੰਧ ਰਖੱਦੇ ਸਨ ਅਤੇ ਅੰਸਾਰ ਦੇ ਕਬੀਲੇ ਬਨੂ ਲੋਜ਼ਾਨ ਦੇ ਮਿਤੱਰ ਸਨ । ਇਹਨਾ ਦੇ

ਪਿਤਾ ਦਾ ਨਾਂ ਅਯਾਸ ਬਿਨ ਉਮੱਰੋ ਸੀ । ਹਜ਼ਰਤ ਉਮੱਰੋ ਬਦਰ ਤੇ ਉਹਦ ਦੀ ਜੰਗ ਵਿੱਚ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਨਾਲ ਸ਼ਾਮਲ ਹੋਏ । ਹਜ਼ਰਤ ਉਮੱਰੋ ਹਜ਼ਰਤ ਰਬੀਅ ਬਿਨ ਅਯਾਸ ਅਤੇ ਹਜ਼ਰਤ ਵਰਕਾ ਬਿਨ ਅਯਾਸ ਦੇ ਭਰਾ ਸਨ ਅਤੇ ਇਹਨਾ ਤਿੰਨੇ ਭਰਵਾਂ ਨੂੰ ਬਦਰ ਦੀ ਜੰਗ ਵਿੱਚ ਭਾਗ ਲੈਂਣ ਦਾ ਸੁਭਾਗ ਪ੍ਰਾਪਤ ਹੋਇਆ ।

ਅਗਲੇ ਸਹਾਬੀ ਦਾ ਨਾਂ ਹੈ ਹਜ਼ਰਤ ਮਦਲਜ ਬਿਨ ਉਮੱਰੋ । ਹਜ਼ਰਤ ਮਦਲਜ ਬਿਨ ਉਮੱਰੋ ਦਾ ਨਾਂ ਮਦਲਾਜ ਵੀ ਬਿਆਨ ਹੋਇਆ ਹੈ । ਇਹਨਾਂ ਦਾ ਸੰਬੰਧ ਬਨੂ ਸਲੀਮ ਦੇ ਪਰਿਵਾਰ ਬਨੂ ਹਜਰ ਨਾਲ ਸੀ । ਹਜ਼ਰਤ ਮਦਲਜ ਬਦਰ ਦੀ ਜੰਗ ਵਿੱਚ ਆਪਣੇ ਦੋ ਭਰਾਵਾਂ ਹਜ਼ਰਤ ਸਕਫ਼ ਬਿਨ ਉਮੱਰੋ ਅਤੇ ਹਜ਼ਰਤ ਮਾਲਕ ਬਿਨ ਉਮੱਰੋ ਨਾਲ ਸ਼ਾਮਲ ਹੋਏ ਸਨ । ਆਪ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੇ ਨਾਲ ਬਦਰ, ਉਹਦ ਅਤੇ ਬਾਦ ਦੀਆਂ ਸਾਰੀਆਂ ਜੰਗਾਂ ਵਿੱਚ ਸ਼ਾਮਲ ਹੋਏ । ਆਪ ਦੀ ਵਫ਼ਾਤ ਪੰਜਾਹ ਹਿਜਰੀ ਵਿੱਚ ਹਜ਼ਰਤ ਅਮੀਰ ਮੁਆਵੀਆਹ ਦੇ ਰਾਜ ਕਾਲ ਵਿੱਚ ਹੋਈ ।

ਅਗਲੇ ਸਹਾਬੀ ਦਾ ਨਾਂ ਹਜ਼ਰਤ ਅਬਦੁਲੱਾਹ ਬਿਨ ਸੁਹੇਲ ਹੈ । ਆਪ ਦੇ ਪਿਤਾ ਦਾ ਨਾਂ ਸੁਹੇਲ ਬਿਨ ਉਮੱਰੋ ਅਤੇ ਮਾਤਾ ਦਾ ਨਾਂ ਫ਼ਾਖ਼ਤਾ ਬਿੰਤ ਉਮੱਰੋ ਸੀ । ਇਹਨਾ ਦੇ ਭਰਾ ਦਾ ਨਾਂ ਅਬੂ ਜੰਦਲ ਸੀ । ਜੱਦ ਹਜ਼ਰਤ ਅਬਦੁਲੱਾਹ ਬਿਨ ਸੁਹੇਲ ਹਬਸ਼ੇ ਤੋਂ ਪਰਤੇ ਤਾਂ ਇਹਨਾ ਦੇ ਪਿਤਾ ਨੇ ਇਹਨਾ ਨੂੰ ਫੜਕੇ ਜ਼ਬਰਦਸਤੀ ਇਹਨਾ ਦੇ ਦੀਨ ਤੋਂ ਹਟਾ ਦਿਤੱਾ । ਆਪ ਮੁਸ਼ਰਿਕਾਂ ਵੱਲੋਂ ਮੁਸਲਮਾਨਾ ਦਾ ਮੁਕਾਬਲਾ ਕਰਨ ਲਈ ਬਦਰ ਵੱਲ ਰਵਾਨਾ ਹੋਏ ਪਰ ਜੱਦ ਬਦਰ ਦੇ ਅਸਥਾਨ'ਤੇ ਮੁਸਲਮਾਨ ਅਤੇ ਮੁਸ਼ਰੇਕੀਨ ਮੁਕਾਬਲਾ ਲਈ ਆਹਮਣੇ ਸਾਹਮਣੇ ਹੋਏ ਅਤੇ ਦੋਹਾਂ ਲਸ਼ਕਰਾਂ ਦੇ ਇਕ ਦੂਜੇ ਨੂੰ ਦੇਖ ਲਿਆ ਤਾਂ ਹਜ਼ਰਤ ਅਬਦੁਲੱਾਹ ਬਿਨ ਸੁਹੇਲ ਮੁਸਲਮਾਨਾ ਵੱਲ ਪਰਤ ਆਏ ਅਤੇ ਲੜਾਈ ਤੋਂ ਪਹਿਲਾਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦੀ ਸੇਵਾ ਵਿੱਚ ਹਾਜ਼ਰ ਹੋ ਗਏ । ਇਉਂ ਆਪ ਇਸਲਾਮ ਵਿਚ ਸ਼ਾਮਲ ਹੁੰਦਿਆਂ ਹੋਇਆਂ ਬਦਰ ਦੀ ਜੰਗ ਵਿੱਚ ਸ਼ਾਮਲ ਹੋਏ ਸਨ । ਉਸ ਸਮੇਂ ਇਹਨਾ ਦੀ ਉਮਰ 27 ਸਾਲ ਸੀ । ਹਜ਼ਰਤ ਅਬਦੁਲੱਾਹ ਬਿਨ ਸੁਹੇਲ ਬਦਰ, ਉਹਦ, ਖ਼ੰਦਕ ਸਣੇ ਸਾਰੀਆਂ ਜੰਗਾਂ ਵਿੱਚ ਰਸੂਲੁਲੱਾਹ ਸਲਲਾਹੁ ਅਲੈਹਿ ਵਲਸਮ ਦੇ ਨਾਲ ਸ਼ਾਮਲ ਹੋਏ । ਹਜ਼ਰਤ ਅਬਦੁਲੱਾਹ ਨੇ ਮੱਕੇ ਦੀ ਫ਼ਤਹ ਵਾਲੇ ਦਿਨ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਤੋਂ ਆਪਣੇ ਪਿਤਾ ਲਈ ਅਮਾਨ ਲਈ । ਉਹਨਾਂ ਨੇ ਰਸੂਲੁਲੱਾਹ ਸਲਲੱਾਹੁ ਅਲੈਹਿ ਵੋਸਲੱਮ ਦੀ ਸੇਵਾਂ ਵਿੱਚ ਹਾਜ਼ਰ ਹੋਕੇ ਬਿਨਤੀ ਕੀਤੀ ਕਿ ਹੇ, ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ, ਕੀ ਆਪ ਮੇਰੇ ਪਿਤਾ ਨੂੰ ਅਮਾਨ ਦੇਣਗੇ । ਆਪਨੇ ਉਤੱਰ ਦਿਤੱਾ ਕਿ ਉਹਾ ਅਲੱਾਹ ਦੀ ਅਮਾਨ ਕਰਕੇ ਅਮਨ ਵਿੱਚ ਹੈ । ਠੀਕ ਹੈ ਉਸ ਨੂੰ ਚਾਹੀਦਾ ਹੈ ਕਿ ਉਹ ਬਾਹਰ ਆ ਜਾਏ । ਫਿਰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਆਪਣੇ ਆਲ੍ਹੇ ਦੁਆਲੇ ਲੋਕਾਂ ਨੂੰ ਫ਼ਰਮਾਇਆ ਕਿ ਜੋ ਵਿਅਕਤੀ ਸੁਹੇਲ ਬਿਨ ਉਮੱਰੋ ਨੂੰ ਦੇਖੇ ਤਾਂ ਉਸਨੂੰ ਘ੍ਰਿਣਾ ਦੀ ਨਜ਼ਰ ਨਾਲ ਨ ਦੇਖੇ । ਮੇਰੇ ਜੀਵਨ ਦੀ ਕਸਮ ਹੈ ਕਿ ਨਿਸ਼ਚੇ ਹੀ ਸੁਹੇਲ ਅਕਲਮੰਦ ਤੇ ਸ਼ਰੀਫ਼ ਵਿਅਕਤੀ ਹੈ ਅਤੇ ਸੁਹੇਲ ਜਿਹਾ ਵਿਅਕਤੀ ਇਸਲਾਮ ਤੋਂ ਅਣਜਾਣ ਨਹੀਂ ਰਹਿ ਸਕਦਾ । ਹਜ਼ਰਤ ਅਬਦੁਲੱਾਹ ਬਿਨ ਸੁਹੇਲ ਉਠੱਕੇ ਆਪਣੇ ਪਿਤਾ ਕੋਲ ਗਏ ਅਤੇ ਉਹਨਾਂ ਨੂੰ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੀਆਂ ਗਲੱਾਂ ਤੋਂ ਜਾਣੂ ਕਰਾਇਆ । ਸੁਹੇਲ ਨੇ ਕਿਹਾ ਕਿ ਰੱਬ ਦੀ ਸਹੁੰ ਉਹ ਬੁਢੇਪੇ ਤੇ ਬਚਪੁਣੇ ਵਿੱਚ ਨੇਕਾਂ ਵਿੱਚੋਂ ਸਨ । ਇਉਂ ਹਜ਼ਰਤ ਅਅਬਦੁਲੱਾਹ ਦੇ ਪਿਤਾ ਸੁਹੇਲ ਨੇ ਇਸਲਾਮ ਕੁਬੂਲ ਕਰ ਲਿਆ । ਹਜ਼ਰਤ ਸੁਹੇਲ ਇਮਾਨ ਵਾਲੀ ਘਟਨਾ ਦੇ ਬਾਦ ਕਿਹਾ ਕਰਦੇ ਸਨ ਕਿ ਅਲੱਾਹ ਨੇ ਇਸਲਾਮ ਵਿੱਚ ਮੇਰੇ ਪੁਤੱਰ ਲਈ ਬਹੁਤ ਅਧਿਕ ਭਲਾਈ ਰੱਖ ਦਿੱਤੀ ਹੈ । ਹਜ਼ਰਤ ਅਬਦੁਲੱਾਹ ਯਮਾਮਾ ਦੀ ਜੰਗ ਵਿੱਚ ਸ਼ਾਮਲ ਹੋਏ ਸਨ ਅਤੇ ਇਸੇ ਜੰਗ ਵਿੱਚ 12 ਹਿਜਰੀ ਵਿੱਚ ਹਜ਼ਰਤ ਅਬੂ ਬਕਰ ਸਿੱਦੀਕ ਦੇ ਖ਼ਿਲਾਫ਼ਤ ਕਾਲ

ਵਿੱਚ ਸ਼ਹੀਦ ਹੋਏ । ਉਸ ਸਮੇਂ ਇਹਨਾ ਦੀ ਉਮਰ 38 ਸਾਲ ਸੀ । ਹਜ਼ਰਤ ਅਬਦੁਲੱਾਹ ਦੇ ਪਿਤਾ ਸੁਹੇਲ ਨੇ ਵੀ ਆਪ ਦੇ ਪ੍ਰਚਾਰ ਕਰਕੇ ਬੈਅਤ ਕੀਤੀ । ਹਜ਼ਰਤ ਅਬੂਬਕਰ ਸਿੱਦੀਕ ਰਜ਼ੀ ਅਲੱਾਹ ਅਨਹੁ ਜੱਦ ਆਪਣੇ ਖ਼ਿਲਾਫ਼ਤ ਕਾਲ ਵਿੱਚ ਹੱਜ ਲਈ ਮੱਕੇ ਆਏ ਤਾਂ ਹਜ਼ਰਤ ਸੁਹੇਲ ਬਿਨ ਉਮਰੋ ਮੱਕੇ ਵਿੱਚ ਹਜ਼ਰਤ ਅਬੂਬਕਰ ਨੂੰ ਮਿਲਣ ਲਈ ਆਏ ਤਾਂ ਹਜ਼ਰਤ ਅਬੂਬਕਰ ਨੇ ਉਹਨਾ ਦੇ ਪੁਤੱਰ ਅਬਦੁਲੱਾਹ ਦੇ ਦੁੱਖ ਦੀ ਤਾਜ਼ਯੀਤ (ਦੁੱਖ ਸਾਂਝਾ ਕਰਨਾ) ਕੀਤੀ । ਇਸ'ਤੇ ਹਜ਼ਰਤ ਸੁਹੇਲ ਨੇ ਕਿਹਾ ਕਿ ਮੇਰੇ ਤੱਕ ਇਹ ਗੱਲ ਪਹੁੰਚੀ ਹੈ ਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਸ਼ਹੀਦ ਆਪਣੇ ਘਰ ਵਿੱਚੋਂ ਸਤੱਰ ਵਿਅਕਤੀਆਂ ਦੀ ਸਫ਼ਾਰਸ਼ ਕਰੇਗਾ ਤਾਂ ਮੈਂ ਆਸ ਰਖੱਦਾ ਹਾਂ ਕਿ ਮੇਰਾ ਪੁਤੱਰ ਮੈਥੋਂ ਪਹਿਲਾਂ ਕਿਸੇ ਹੋਰ ਤੋਂ ਅਰੰਭ ਨਹੀਂ ਕਰੇਗਾ । ਇਸੇ ਪ੍ਰਕਾਰ ਹੋਰ ਰਾਏ ਅਨੁਸਾਰ ਹਜ਼ਰਤ ਅਬਦੁਲੱਾਹ ਬਹਿਰੀਨ ਦੇ ਖੇਤਰ ਜੋ ਜਵਾਸਾ ਵਿੱਚ 88 ਸਾਲ ਦੀ ਉਮਰ ਵਿੱਚ ਸ਼ਹੀਦ ਹੋਏ ਸਨ । ਜਵਾਸਾ ਬਹਿਰੀਨ ਵਿੱਚ ਅਬਦੁਲਕੈਸ ਦਾ ਕਿਲਾ ਹੈ ਜਿਸ'ਤੇ ਏਲਾਅ ਬਿਨ ਹਜ਼ਮੀ ਨੇ ਹਜ਼ਰਤ ਅਬੂਬਕਰ ਸਿੱਦੀਕ ਰਜ਼ੀ ਅਲੱਾਹ ਅਨਹੁ ਦੇ ਖ਼ਿਲਾਫ਼ਤ ਕਾਲ ਵਿੱਚ 12 ਹਿਜਰੀ ਵਿੱਚ ਫ਼ਤਹ ਕੀਤਾ ਸੀ । ਬਹਿਰਹਾਲ ਇਹ ਦੋ ਰਿਵਾਇਤਾਂ ਹਨ ।

ਅਗਲੇ ਸਹਾਬੀ ਹਨ ਹਜ਼ਰਤ ਯਜ਼ੀਦ ਬਿਨ ਹਾਰਸ । ਆਪਦਾ ਸੰਬੰਧ ਅੰਸਾਰ ਦੇ ਕਬੀਲੇ ਖ਼ਜ਼ਰਜ ਦੇ ਪਰਿਵਾਰ ਬਨੂ ਅਹਮਰ ਬਿਨ ਹਾਰਸਾ ਨਾਲ ਸੀ ਹਜ਼ਰਤ ਯਜ਼ੀਦ ਨੂੰ ਬਦਰ ਦੀ ਜੰਗ ਵਿੱਚ ਸ਼ਾਮਲ ਹੋਣ ਦਾ ਸੁਭਾਗ ਪ੍ਰਾਪਤ ਹੋਇਆ ਅਤੇ ਇਸੇ ਜੰਗ ਵਿੱਚ ਸ਼ਹੀਦੀ ਦਾ ਮਾਣ ਪ੍ਰਾਪਤ ਕੀਤਾ ।

ਫ਼ਿਰ ਜਿੰਨ੍ਹਾ ਸਹਾਬੀ ਦਾ ਵਰਨਣ ਹੈ ਉਹਨਾ ਦਾ ਨਾਂ ਹਜ਼ਰਤ ਉਮੈਰ ਬਿਨ ਹਮਾਮ ਹੈ । ਹਜ਼ਰਤ ਉਮੈਰ ਬਿਨ ਹਮਾਮ ਦਾ ਸੰਬੰਧ ਅੰਸਾਰ ਦੇ ਕਬੀਲੇ ਖ਼ਜ਼ਰਜ ਦੀ ਸ਼ਾਖ਼ਾ ਬਨੂ ਸਲਮਾ ਦੇ ਪਰਿਵਾਰ ਬਨੂ ਹਰਾਮ ਬਿਨ ਕਾਅਬ ਨਾਲ ਸੀ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਹਜ਼ਰਤ ਉਮੈਰ ਬਿਨ ਹਮਾਮ ਅਤੇ ਹਜ਼ਰਤ ਉਬੈਦਹ ਬਿਨ ਹਾਰਸ ਮਤਲਬੀ ਵਿਚਕਾਰ ਭਾਈਬੰਦੀ ਕਰਾਈ, ਇਹ ਦੋਵੇਂ ਬਦਰ ਦੇ ਦਿਨ ਸ਼ਹੀਦ ਹੋਣ ਵਾਲਿਆਂ ਵਿੱਚ ਸ਼ਾਮਲ ਸਨ । ਬਦਰ ਦੀ ਜੰਗ ਸਮੇਂ ਜੱਦ ਮੁਸ਼ਰਕ ਨੇੜੇ ਆ ਗਏ ਤਾਂ ਰਸੂਲੇ ਕਰੀਮ ਸਲਲੱਾਹੁ ਅਲੈਹਿ ਵਸਲਮ ਨੇ ਫ਼ਰਮਾਇਆ ਇਸ ਸਵਰਗ ਲਈ ਅੱਗੇ ਵਧੋ ਜਿਸਦੀ ਵਿਸ਼ਲਤਾ ਅਕਾਸ਼ਾਂ ਤੇ ਧਰਤੀ ਦੇ ਬਰਾਬਰ ਹੈ । ਹਜ਼ਰਤ ਉਮੈਰ ਬਿਨ ਹਮਾਮ ਨੇ ਬਿਨਤੀ ਕੀਤੀ ਕਿ ਹੇ, ਰਸੂਲੁਲੱਾਹ ਉਹ ਸਵਰਗ ਜਿਸ ਦੀ ਵਿਸ਼ਾਲਤਾ ਅਕਾਸ਼ਾਂ ਤੇ ਧਰਤੀ ਦੇ ਬਰਾਬਰ ਹੈ ਕੀ ਆਪ ਇਹ ਫ਼ਰਮਾ ਰਹੇ ਹਨ ? ਆਪਨੇ ਫ਼ਰਮਾਇਆ, ਹਾਂ । ਇਸ'ਤੇ ਉਹਨਾ ਨੇ ਕਿਹਾ ਵਾਹ ਵਾਹ । ਤਾਂ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਫ਼ਰਮਾਇਆ ਕਿ ਤੁਸੀਂ ਵਾਹ ਵਾਹ ਕਿਉਂ ਰਹਿ ਰਹੇ ਹੋ । ਉਹਨਾ ਨੇ ਅਰਜ਼ ਕੀਤੀ ਕਿ ਹੇ ਰਸੂਲੁਲੱਾਹ ਰੱਬ ਦੀ ਸਹੁੰ, ਮੈਂ ਕੇਵਲ ਇਸ ਇਛੱਾ ਕਰਕੇ ਕਹਿ ਰਿਹਾ ਹਾਂ ਕਿ ਮੈਂ ਸਵਰਗ ਦੇ ਬਸ਼ਿੰਦਿਆਂ ਵਿੱਚੋਂ ਹੋ ਜਾਵਾਂ । ਆਪ ਸਲਲੱਾਹੁ ਅਲੈਹ ਵਸਲੱਮ ਨੇ ਫ਼ਰਮਾਇਆ ਤੁਸੀਂ ਉਸ ਦੇ ਬਸ਼ਿੰਦਿਆਂ ਵਿੱਚੋਂ ਹੋ । ਫਿਰ ਆਪ ਕੁਫ਼ੱਾਰਾਂ ਨਾਲ ਲੜੇ ਇੱਥੋਂ ਤੱਕ ਕਿ ਸ਼ਹੀਦ ਹੋ ਗਏ । ਬਦਰ ਦੀ ਜੰਗ ਸਮੇਂ ਆਪ ਇਹ ਕਹਿੰਦੇ ਜਾਂਦੇ ਸਨ ਕਿ 'ਰੱਬ ਵੱਲੋਂ ਕੇਵਲ ਤਕਵਾ (ਸੰਜਮਤਾ) ਤੇ ਆਖ਼ਰਤ ਦੇ ਕੁਝ ਵੀ ਜ਼ਾਦੇ ਰਾਹ (ਰੱਬ ਕੋਲ ਪਹੁੰਚਣ ਲਈ ਮਾਰਗ ਦਾ ਖ਼ਰਚ) ਦੇ ਰੂਪ ਵਿੱਚ ਨਾਲ ਨਹੀਂ ਜਾਂਦਾ ਅਤੇ ਰੱਬ ਦੇ ਮਾਰਗ ਵਿੱਚ ਜਿਹਾਦ ਲਈ ਦ੍ਰਿੜ੍ਹ ਰਾਹਿੰਦਾ ਹੈ । ਬੇਸ਼ਕ ਤਕਵਾ ਚੰਗੀ ਚੀਜ਼ ਹੈ ਅਤੇ ਸੁਮਾਰਗ ਲਈ ਸਭ ਤੋਂ ਚੰਗਾ ਸਾਧਨ ਤੇ ਰਹਿਨੁਮਾ ਹੈ, ਅਤੇ ਸਾਰੇ ਜੀਉਂਦੇ ਫ਼ਨਾ ਹੋਣ ਵਾਲੇ ਹਨ ।' ਇਸਲਾਮ ਵਿੱਚ ਅੰਸਾਰ ਵੱਲੋਂ ਸਭ ਤੋਂ ਪਹਿਲੇ ਸ਼ਹੀਦ ਹਜ਼ਰਤ ਉਮੈਰ ਬਿਨ ਹਮਾਮ ਹਨ । ਕਈਆਂ

ਅਨੁਸਾਰ ਹਜ਼ਰਤ ਹਾਰਸਾ ਬਿਦ ਕੈਸ ਸਭ ਤੋਂ ਪਹਿਲੇ ਅੰਸਾਰੀ ਸ਼ਹੀਦ ਸਨ । ਦੋ ਰਿਵਾਇਤਾਂ ਹਨ । ਬਹਿਰ ਹਾਲ ਇਹ ਦੋਵੇਂ ਬਦਰ ਦੇ ਸ਼ਹੀਦ ਸਨ ।

ਅਗਲੇ ਸਹਾਬੀ ਜਿੰਨ੍ਹਾ ਦਾ ਵਰਨਣ ਹੈ ਉਹਨਾਂ ਦਾ ਨਾਂ ਹਜ਼ਰਤ ਹਮੀਦ ਅੰਸਾਰੀ ਹੈ । ਹਜ਼ਰਤ ਜ਼ਬੈਰ ਬਿਆਨ ਕਰਦੇ ਹਨ ਕਿ ਮਦੀਨੇ ਦੀ ਪਥਰੀਲੀ ਧਰਤੀ ਦੀ ਇਕ ਛੋਟੀ ਜਿਹੀ ਨਾਲੀ ਜਿਸਤੋਂ ਖੇਤਾਂ ਨੂੰ ਪਾਣੀ ਦਿਤਾ ਜਾਂਦਾ ਹੈ, ਦੇ ਬਾਰੇ ਉਹਨਾ ਦਾ ਇਕ ਅੰਸਾਰੀ ਨਾਲ ਝਗੜਾ ਹੋ ਗਿਆ ਜੋ ਬਦਰ ਦੀ ਜੰਗ ਵਿੱਚ ਸ਼ਾਮਲ ਹੋਏ ਸਨ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਕੋਲ ਉਹ ਝਗੜਾ ਫ਼ੈਸਲੇ ਲਈ ਆਇਆ, ਉਹ ਦੋਵੇਂ ਧਰਤੀ ਨੂੰ ਉਸ ਨਾਲੀ ਨਾਲ ਪਾਣੀ ਦਿਆ ਕਰਦੇ ਸਨ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਹਜ਼ਰਤ ਜ਼ੁਬੈਰ ਨੂੰ ਫ਼ਰਮਾਇਆ ਕਿ ਜ਼ੁਬੈਰ ਤੁਸੀਂ ਪਹਿਲਾਂ ਪਾਣੀ ਦਿਓ ਕਿਉਂਕਿ ਪਹਿਲਾਂ ਉਸਦੀ ਜ਼ਮੀਨ ਸੀ ਫਿਰ ਆਪਣੇ ਗਵਾਂਢੀ ਲਈ ਉਸ ਨੂੰ ਛੱਡ ਦਿਓ । ਉਹ ਅੰਸਾਰੀ ਇਸ ਗੱਲ ਤੋਂ ਨਰਾਜ਼ ਹੋ ਗਿਆ । ਉਸਨੇ ਕਿਹਾ ਹੇ, ਰਸੂਲੁਲੱਾਹ ਆਪ ਇਸ ਲਈ ਇਹ ਫ਼ੈਸਲਾ ਦੇ ਰਹੇ ਹਨ ਕਿ ਉਹ ਆਪਦੀ ਭੂਆ ਦਾ ਪੁਤੱਰ ਹੈ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਦਾ ਚਿਹਰਾ ਲਾਲ ਹੋ ਗਿਆ, ਫਿਰ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਹਜ਼ਰਤ ਜ਼ੁਬੈਰ ਨੂੰ ਫ਼ਰਮਾਇਆ ਕਿ ਪਹਿਲਾਂ ਤਾਂ ਉਪਕਾਰ ਦੇ ਰੂਪ ਵਿੱਚ ਮੈਂ ਗੱਲ ਕੀਤੀ ਸੀ । ਹੁਣ ਹੱਕ ਵਾਲੀ ਗੱਲ ਆ ਰਹੀ ਹੈ ਕਿ ਤੁਸੀਂ ਪਾਣੀ ਦਿਓ ਅਤੇ ਉਸ ਨੂੰ ਰੋਕੇ ਰੱਖੋ ਕਿ ਇੱਥੋਂ ਤੱਕ ਕਿ ਮੰਢੇਰਾਂ ਤੱਕ ਉਹ ਪਾਣੀ ਆ ਜਾਏ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਹਜ਼ਰਤ ਜ਼ੁਬੈਰ ਨੂੰ ਉਹਨਾ ਦਾ ਪੂਰਾ ਹੱਕ ਦੁਆਇਆ ਹਾਲਾਂਕਿ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਇਸ ਤੋਂ ਪਹਿਲਾਂ ਹਜ਼ਰਤ ਜੁਬੈਰ ਨੂੰ ਆਪਣੀ ਰਾਏ ਨਾਲ ਸੰਕੇਤ ਕਰ ਚੁਕੇ ਸਨ ਜਿਸ ਵਿੱਚ ਉਹਨਾ ਦੇ ਅਤੇ ਉਸ ਅੰਸਾਰੀ ਦੇ ਲਈ ਬਹੁਤ ਗੁੰਜਾਇਸ਼ ਸੀ । ਜੱਦ ਅੰਸਾਰੀ ਨੇ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੂੰ ਨਰਾਜ਼ ਕਰ ਦਿਤੱਾ ਤਾਂ ਆਪ ਸਲਲੱਾਹੁ ਅਲੈਹਿ ਵਸਲੱਮ ਨੇ ਹਜ਼ਰਤ ਜ਼ੁਬੈਰ ਨੂੰ ਸਾਫ਼ ਤੇ ਸਹੀ ਫ਼ੈਸਲਾ ਦੇਕੇ ਉਹਨਾ ਦਾ ਪੂਰਾ ਹੱਕ ਦੁਆਇਆ । ਉਰੂਹ ਨੇ ਕਿਹਾ ਕਿ ਹਜ਼ਰਤ ਜ਼ੁਬੈਰ ਕਹਿੰਦੇ ਸਨ ਕਿ ਕਿ ਬਖ਼ੁਦਾ ਮੈਂ ਇਹੋ ਸਮਝਦਾ ਹਾਂ ਕਿ ਇਹ ਆਇਤ ਇਸੇ ਘਟਨਾ ਬਾਰੇ ਨਾਜ਼ਲ ਹੋਈ ਹੈ ਕਿ

فَلَا وَرَبِّكَ لَا يُؤْمِنُونَ حَتّٰى يُحَكِّمُوْكَ فِيْمَا شَجَرَ بَيْنَهُمْ ثُمَّ لَا يَجِدُوْا فِيْٓ اَنْفُسِهِمْ حَرَجًا مِّمَّا قَضَيْتَ وَيُسَلِّمُوْا تَسْلِيْمًا

ਕਿ ਤੇਰੇ ਰੱਬ ਦੀ ਸਹੁੰ ਹੈ ਕਿ ਜੱਦ ਤੱਕ ਉਹ ਹਰ ਗੱਲ ਜਿਸ ਬਾਰੇ ਉਹਨਾ ਵਿੱਚ ਝਗੜਾ ਹੋ ਜਾਏ ਤੈਂਨੂੰ ਨਿਆਕਾਰ ਨ ਬਨਾਉਣ ਅਤੇ ਫਿਰ ਜੋ ਤੂੰ ਫੈਸਲਾ ਕਰੇਂ ਉਸ ਤੋਂ ਆਪਣੇ ਆਪ ਵਿੱਚ ਕਿਸੇ ਪ੍ਰਕਾਰ ਦੀ ਤੰਗੀ ਨ ਪਾਉਣ ਅਤੇ ਪੂਰਨ ਰੂਪ ਵਿੱਚ ਆਗਿਆਕਾਰ ਨ ਹੋ ਜਾਣ ਕਦੇ ਵੀ ਇਮਾਨਦਾਰ ਨ ਹੋਣਗੇ । ਅਲ ਅਸਾਬਹ, ਅਸਦੁਲਗ਼ਾਬਹ ਅਤੇ ਸਹੀ ਬੁਖਾਰੀ ਦੀ ਵਿਆਖਿਆ ਅਰਸ਼ਾਦੁਸੱਾਰੀ ਵਿੱਚ ਲਿਖਿਆ ਹੈ ਕਿ ਉਹ ਅੰਸਾਰੀ ਜਿੰਨ੍ਹਾ ਦਾ ਹਜ਼ਰਤ ਜ਼ੁਬੈਰ ਨਾਲ ਮਤਿਭੇਦ ਹੋਇਆ ਸੀ ਉਹ ਹਮੀਦ ਅੰਸਾਰੀ ਸਨ । ਜੋ ਬਦਰ ਦੀ ਜੰਗ ਵਿੱਚ ਸ਼ਾਮਲ ਹੋਏ ਸਨ। ਬਹਿਰਹਾਲ ਕਈ ਵਾਰ ਸ਼ੈਤਾਨ ਗੁਪਤ ਜਿਹਾ ਹਮਲਾ ਕਰ ਦਿੰਦਾ ਹੈ ਪਰ ਇਹਨਾ ਬਦਰੀ ਸਹਾਬਾ ਬਾਰੇ ਤਾਂ ਰੱਬ ਨੇ ਵੀ ਇਹਨਾ ਦੀ ਬਖਸ਼ਿਸ਼ ਦੀ ਗਵਾਹੀ ਦਿੱਤੀ ਹੈ ਤੇ ਐਲਾਨ ਕੀਤਾ ਹੋਇਆ ਹੈ ।

ਫਿਰ ਹਜ਼ਰਤ ਉਮੱਰੋ ਬਿਨ ਮਆਜ਼ ਬਿਨ ਨੁਮਾਨ ਅਸਰੀਯਹ ਇਕ ਸਹਾਬੀ ਸਨ । ਆਪ ਦੇ ਪਿਤਾ ਦਾ ਨਾਂ ਮਆਜ਼ ਬਿਨ ਨੋਮਾਨ ਅਤੇ ਮਾਤਾ ਦਾ ਨਾਂ ਕਬਸ਼ਾ ਬਿੰਤ ਰਾਫ਼ਾ ਸੀ । ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲੱਮ ਨੇ ਹਜ਼ਰਤ ਹਜ਼ਰਤ ਉਮੱਰੋ ਬਿਨ ਮਆਜ਼ ਅਤੇ ਹਜ਼ਰਤ ਉਮੈਰ ਬਿਨ ਅਬੂ ਵਕਾਸ ਵਿਚਕਾਰ ਭਾਈਬੰਦੀ ਸਥਾਪਨ

ਕਰਾਈ । ਹਜ਼ਰਤ ਉਮੈਰ ਬਿਨ ਮਆਜ਼ ਆਪਣੇ ਭਰਾ ਹਜ਼ਰਤ ਸਅਦ ਦੇ ਨਾਲ ਬਦਰ ਦੀ ਜੰਗ ਵਿੱਚ ਸ਼ਾਮਲ ਹੋਏ ਸਨ । ਆਪ ਉਹਦ ਦੀ ਜੰਗ ਵਿੱਚ ਸ਼ਹੀਦ ਹੋਏ । ਸ਼ਹੀਦੀ ਸਮੇਂ ਆਪ ਦੀ ਉਮਰ 32 ਸਾਲ ਸੀ ।

ਅਗਲੇ ਸਹਾਬੀ ਹਜ਼ਰਤ ਮਸਊਦ ਬਿਨ ਰਬੀਆ ਬਿਨ ਉਮੈਰ ਹਨ । ਆਪ ਦਾ ਸੰਬੰਧ ਕਬੀਲਾ ਕਾਰਹ ਨਾਲ ਸੀ ਅਤੇ ਆਪ ਕਬੀਲਾ ਬਨੂ ਜ਼ੁਹਰਾ ਦੇ ਮਿੱਤਰ ਸਨ । ਹਜ਼ਰਤ ਮਸਊਦ ਦੇ ਪਿਤਾ ਦਾ ਨਾਂ ਰਬੀਅ ਜਾਂ ਰਬੀਆ ਅਤੇ ਆਮਰ ਵੀ ਬਿਆਨ ਕੀਤਾ ਗਿਆ ਹੈ । ਹਜ਼ਰਤ ਮਸਊਦ ਦੇ ਇਕ ਪੁੱਤਰ ਦਾ ਨਾਂ ਅਬਦੁਲੱਾਹ ਵੀ ਮਿਲਦਾ ਹੈ । ਹਜ਼ਰਤ ਮਸਊਦ ਦੇ ਪਰਿਵਾਰ ਨੂੰ ਮਦੀਨੇ ਵਿੱਚ ਕਾਰੀ ਕਿਹਾ ਜਾਂਦਾ ਸੀ । ਆਪ ਰਸੂਲੁਲੱਾਹ ਸਲਲੱਾਹੁ ਅਲੈਹਿ ਵਸਲਮ ਦੇ ਦਾਰਿ ਅਰਕਮ ਵਿੱਚ ਦਾਖ਼ਲ ਹੋਣ ਤੋਂ ਪਹਿਲਾਂ ਇਮਾਨ ਲਿਆਏ ਸਨ ਤਾਂ ਆਂਹਜ਼ਰਤ ਸਲਲੱਾਹੁ ਅਲੈਹਿ ਵਸਲੱਮ ਨੇ ਇਹਨਾ ਦੀ ਅਤੇ ਹਜ਼ਰਤ ਉਬੈਦਹ ਬਿਨ ਤੀਹਾਨ ਵਿਚਕਾਰ ਭਾਈਬੰਦੀ ਕਰਾਈ । ਹਜ਼ਰਤ ਮਸਊਦ ਬਿਦ ਰਬੀਆ ਬਦਰ, ਉਹਦ, ਖ਼ੰਦਕ ਅਤੇ ਇਸ ਤੋਂ ਬਾਦ ਸਾਰੀਆਂ ਹੋਰਨਾ ਜੰਗਾਂ ਵਿੱਚ ਆਂਹਜ਼ਰਤ ਸਲਲੱਾਹੁ ਅਲੈਹਿ ਵਸਲਮ ਦੇ ਨਾਲ ਸ਼ਾਮਲ ਹੋਏ । ਆਪ ਦੀ ਵਫ਼ਾਤ ਤੀਹ ਹਿਜਰੀ ਵਿੱਚ ਹੋਈ ਅਤੇ ਇਸ ਸਮੇਂ ਆਪ ਦੀ ਉਮਰ 60 ਸਾਲ ਤੋਂ ਬਹੁਤੀ ਸੀ ।

ਹਜ਼ੂਰ ਅਨਵਰ ਨੇ ਫ਼ਰਮਾਇਆ : ਅਲੱਾਹ ਤਆਲਾ ਇਹਨਾ ਸਾਰਿਆਂ ਸਾਹਬਾ ਕਰਾਮ ਦੇ ਦਰਜਿਆਂ ਨੂੰ ਬੁਲੰਦ ਕਰਦਾ ਚਲਾ ਜਾਏ ਅਤੇ ਜੋ ਇਹਨਾ ਦੀਆਂ ਨੇਕੀਆਂ ਸਨ ਉਹ ਅਸੀਂ ਵੀ ਜਾਰੀ ਰਖੱਣ ਵਾਲੇ ਹੋਈਏ । ਇਸ ਦੇ ਬਾਦ ਮੈਂ ਸੰਖ਼ੇਪ ਵਿੱਚ ਇਹ ਆਖਣਾ ਚਾਹੁੰਦਾ ਹਾਂ ਕਿ ਅਗਲੇ ਜੁਮਏ ਤੋਂ ਇੰਸ਼ਾਅਲੱਾਹ ਤਆਲਾ ਬਰਤਾਨੀਆ ਦਾ ਸਾਲਾਨਾ ਜਲਸਾ ਅਰੰਭ ਹੋ ਰਿਹਾ ਹੈ । ਇਸ ਦੇ ਹਰ ਪੱਖੋਂ ਬਰਕਤਾਂ ਭਰਪੂਰ ਹੋਣ ਲਈ ਦੁਆ ਕਰਨ ਕਿ ਅਲੱਾਹ ਤਆਲਾ ਹਰ ਪੱਖੋਂ ਬਰਕਤਾਂ ਭਰਪੂਰ ਬਣਾਏ । ਜਿੰਨ੍ਹਾ ਦੀਆਂ ਡਿਊਟੀਆਂ ਹਨ ਉਹ ਆਪਣੇ ਸਾਰੇ ਗੁਣਾ ਨਾਲ ਇਹਨਾ ਡਿਊਟੀਆਂ ਨੂੰ ਨੇਪਰੇ ਚਾੜ੍ਹਨ ਦਾ ਜਤਨ ਕਰਨ ਅਤੇ ਦੁਆ ਵੀ ਕਰਨ ਕਿ ਰੱਬ ਉਹਨਾ ਨੂੰ ਸੰਜੋਗ ਪ੍ਰਦਾਨ ਕਰੇ ਕਿ ਉਹ ਸਹੀ ਤਰੀਕੇ ਨਾਲ ਡਿਊਟੀਆਂ ਨਿਭਾ ਸਕਣ । ਅਲੱਾਹ ਤਆਲਾ ਉਹਨਾ ਨੂੰ ਚੰਗੇ ਰੰਗ ਵਿੱਚ ਹਜ਼ਰਤ ਮਸੀਹ ਮੌਊਦ ਅਲੈਹਿ ਸਲਾਮ ਦੇ ਮਹਿਮਾਨਾ ਦੀ ਸੇਵਾ ਕਰਨ ਦੀ ਤੌਫ਼ੀਕ ਪ੍ਰਦਾਨ ਕਰੇ । ਇਸ ਸਾਲ ਟ੍ਰਾਂਸਪੋਰਟ ਵਿਭਾਗ ਨੂੰ ਇਸ ਪੱਖੋਂ ਬਹੁਤਾ ਕੰਮ ਕਰਨਾ ਪਏਗਾ ਅਤੇ ਪਲਾਨਿੰਗ ਵੀ ਕਰਨੀ ਹੋਵੇਗੀ ਕਿ ਇੱਥੇ ਜਮਾਤੀ ਠਹਿਰਨ ਦੇ ਸਥਾਨਾ ਵਿੱਚ ਜੋ ਲੋਕ ਠਹਿਰੇ ਹੋਏ ਹਨ ਉਹਨਾ ਨੂੰ ਜਲਸੇ ਤੋਂ ਪਹਿਲਾਂ ਅਤੇ ਬਾਦ ਵਿੱਚ ਵੀ ਲਿਆਉਣ ਤੇ ਜਾਣ ਦਾ ਪ੍ਰਬੰਧ ਕਰਨਾ ਹੋਵੇਗਾ । ਇਸ ਲਈ ਮੈਂ ਅਫ਼ਸਰ ਜਲਸਾ ਸਾਲਾਨਾ ਨੂੰ ਕਿਹਾ ਸੀ ਕਿ ਪਲਾਨਿੰਗ ਕਰ ਲੈਂਣ । ਆਸ਼ਾ ਹੈ ਕਿ ਇਸ'ਤੇ ਕੰਮ ਅਰੰਭ ਹੋ ਅਿਗਾ ਹੋਵੇਗਾ । ਅਲੱਹਾ ਤਆਲਾ ਸਾਰੇ ਕੰਮ ਸੁਚੱਜੇ ਢੰਗ ਨਾਲ ਨੇਪਰੇ ਚਾੜ੍ਹਨ ਦੀ ਤੌਫ਼ੀਕ ਪ੍ਰਦਾਨ ਕਰੇ ।

★★★★ ਖ਼ੁਤਬਾ ਸਾਨੀਆ ★★★★

**Khulasa Khutba Jumma 26.07.2019**
Delivered By : Hadhrat Khalifatul Masih Vth (atba)
Summarized by : Majlis Ansarullah Bharat
Tarnslated by : Shamshad Ahmad Eden, from Punjabi Desk
From : Nazarat Nashr-o-Isha'at Qadian-143516, Distt. Gurdaspur, Punjab (INDIA)

Toll Free Shoba Noorul Islam-1800-3010-2131